ਦਸੰਬਰ-ਜਨਵਰੀ

ਵਿਸ਼ਾ-ਪੰਜਾਬੀ ਸ਼੍ਰੇਣੀ-ਸੱਤਵੀਂ

# ਪਾਠ-**21** ਪੁਲਾੜ-ਪਰੀ: ਸੁਨੀਤਾ ਵਿਲੀਅਮਜ਼

ਲੇਖਕ-ਡਾ. ਕੁਲਦੀਪ ਸਿੰਘ ਧੀਰ



## 1. ਪ੍ਰਸ਼ਨ/ਉੱਤਰ

ਪ੍ਰਸ਼ਨ-(ੳ) ਸੁਨੀਤਾ ਵਿਲੀਅਮਜ਼ ਦੇ ਮਾਤਾ-ਪਿਤਾ ਦਾ ਨਾਂ ਕੀ ਸੀ ਅਤੇ ਉਹ ਮੂਲ ਰੂਪ ਵਿਚੋਂ ਕਿਥੋਂ ਦੇ ਨਿਵਾਸੀ ਸਨ?

ਉੱਤਰ:- ਸੁਨੀਤਾ ਵਿਲੀਅਮਜ਼ ਦੇ ਪਿਤਾ ਦਾ ਨਾਂ ਡਾ. ਦੀਪਕ ਪਾਂਡੇ ਤੇ ਮਾਤਾ ਦਾ ਨਾਂ ਉਰਸਾਲੀਨ ਸੀ।ਉਸ ਦਾ ਪਿਤਾ ਭਾਰਤ ਦਾ ਨਿਵਾਸੀ ਸੀ,ਪਰ ਬੋਨੀ ਉਰਸਾਲੀਨ ਦੇ ਵੱਡੇ-ਵਡੇਰੇ ਯੂਗੋਸਲਾਵੀਆਂ ਦੇ ਰਹਿਣ ਵਾਲੇ ਸਨ।

ਪ੍ਰਸ਼ਨ-(ਅ) ਸੁਨੀਤਾ ਵਿਲੀਅਮਜ਼ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਅਤੇ ਉਸ ਦੇ ਕਿੰਨੇ ਭੈਣ-ਭਰਾ ਸਨ?

ਉੱਤਰ:-ਸੁਨੀਤਾ ਵਿਲੀਅਮਜ਼ ਦਾ ਜਨਮ **1** ਸਤੰਬਰ,**1965** ਨੂੰ ਯੂਕਲਿਡ ਅਮਰੀਕਾ ਵਿਚ ਹੋਇਆ।ਉਸ ਦਾ ਇੱਕ ਭਰਾ ਜੈ ਤੇ ਭੈਣ ਦੀਨਾ ਉਸ ਤੋਂ ਵੱਡੇ ਸਨ।

ਪ੍ਰਸ਼ਨ-(ੲ) ਸੁਨੀਤਾ ਵਿਲੀਅਮਜ਼ ਦੇ ਬਚਪਨ ਦਾ ਵਰਨਣ ਕਰੋ?

ਉੱਤਰ:- ਸੁਨੀਤਾ ਦਾ ਪਾਲਣ-ਪੋਸ਼ਣ ਬੋਸਟਨ ਵਿਚ ਹੋਇਆ ਤੇ ਇੱਥੇ ਹੀ ਉਹ ਪੜ੍ਹੀ ਲਿਖੀ।ਸੁਨੀਤਾ ਨੇ ਪੜ੍ਹਾਈ ਦੇ ਨਾਲ਼-ਨਾਲ਼ ਸੰਗੀਤ,ਤੈਰਾਕੀ,ਹਾਈਕਿੰਗ,ਟ੍ਰੈਕਿੰਗ ਅਤੇ ਖੇਡਾਂ ਵਿਚ ਵੀ

ਵਿਸ਼ੇਸ਼ ਰੁਚੀ ਲਈ।ਉਸ ਨੇ ਗਿਆਰਾਂ ਸਾਲਾਂ ਦੀ ਉਮਰ ਵਿਚ ਹੀ ਬੋਸਟਨ ਹਾਰਬਰ ਮੈਰਾਥਨ ਤੈਰਾਕੀ ਮੁਕਾਬਲੇ ਵਿਚ ਹਿੱਸਾ ਲਿਆ।ਉਹ ਛੇ ਸਾਲ ਦੀ ਸੀ ਕਿ ਜਦੋਂ ਉਸ ਦਾ ਪਰਿਵਾਰ ਕੈਂਪ ਲਈ ਪਿਕਨਿਕ ਮਨਾ ਰਿਹਾ ਸੀ,ਤਾਂ ਉਹ ਆਪਣੀਆਂ ਸਹੇਲੀਆਂ ਨਾਲ ਤੈਰਾਕੀ ਦੇ ਮੁਕਾਬਲੇ ਵਿਚ ਗਈ ਹੋਈ ਸੀ।ਇਸ ਪ੍ਰਤੀਯੋਗਤਾ ਵਿਚ ਉਸ ਨੇ ਪੰਜ ਮੈਡਲ ਜਿੱਤੇ।ਉਹ ਪੰਜ ਵੱਖ-ਵੱਖ ਵਿਚ ਫ਼ਸਟ ਰਹੀ ਸੀ।ਉਹ ਪੜ੍ਹਾਈ ਵਿਚ ਕਾਫ਼ੀ ਹੁਸ਼ਿਆਰ ਸੀ।

ਪ੍ਰਸ਼ਨ-(ਸ) ਸੁਨੀਤਾ ਵਿਲੀਅਮਜ਼ ਨੇ ਵਿੱਦਿਆ ਕਿੱਥੇ ਅਤੇ ਕਿਥੋਂ ਤੱਕ ਪ੍ਰਾਪਤ ਕੀਤੀ?

ਉੱਤਰ:- ਸੁਨੀਤਾ ਵਿਲੀਅਮਜ਼ ਨੇ ਆਪਣੀ ਮੁੱਢਲੀ ਪੜ੍ਹਾਈ ਬੋਸਟਨ ਵਿਚ ਕੀਤੀ ।ਇੱਥੋਂ ਦੇ ਨੀਧਮ ਸਕੂਲ ਤੋਂ ਬਾਰ੍ਹਵੀਂ ਪਾਸ ਕਰ ਕੇ **1983** ਵਿਚ ਅਮਰੀਕੀ ਨੈਵਲ ਅਕੈਡਮੀ ਵਿਚ ਦਾਖ਼ਲ ਹੋ ਗਈ।ਇੱਥੋਂ ਉਸ ਨੇ **1987** ਵਿਚ ਬੀ.ਐੱਸ.ਸੀ.ਪਾਸ ਕੀਤੀ ਤੇ ਫਿਰ ਨੇਵੀ ਵਿਚ ਭਰਤੀ ਹੋ ਗਈ।

ਪ੍ਰਸ਼ਨ-(ਹ) ਸੁਨੀਤਾ ਨੂੰ ਪੁਲਾੜ-ਯਾਤਰਾ ਦੀ ਟ੍ਰੇਨਿੰਗ ਲਈ ਕਿਵੇਂ ਅਤੇ ਕਦੋਂ ਚੁਣਿਆ ਗਿਆ?

ਉੱਤਰ:-ਸੁਨੀਤਾ ਨੂੰ ਜਦੋਂ ਪੁਲਾੜ-ਯਾਤਰੀ ਜਾਨ ਯੰਗ ਦਾ ਭਾਸ਼ਣ ਸੁਣ ਕੇ ਪਤਾ ਲੱਗਾ ਕਿ ਇਕ ਪੁਲਾੜ-ਯਾਤਰੀ ਲਈ ਹੈਲੀਕਾਪਟਰ ਚਲਾਉਣ ਦੀ ਟ੍ਰੈਨਿੰਗ ਜ਼ਰੂਰੀ ਹੈ,ਤਾਂ ਉਸ ਨੇ ਆਪਣੇ ਆਪ ਨੂੰ ਇਸ ਕੰਮ ਵਿਚ ਮਾਹਰ ਦੇਖ ਕੇ ਪੁਲਾੜ -ਯਾਤਰੀ ਲਈ ਨਾਸਾ ਨੂੰ ਅਰਜ਼ੀ ਭੇਜ ਦਿੱਤੀ।**1998** ਵਿਚ ਉਸ ਵਲੋਂ ਦੁਬਾਰਾ ਭੇਜੀ ਗਈ ਅਰਜ਼ੀ ਮਨਜ਼ੂਰ ਹੋ ਗਈ ਅਤੇ ਉਸ ਨੂੰ ਪੁਲਾੜ-ਯਾਤਰਾ ਦੀ ਟ੍ਰੇਨਿੰਗ ਲਈ ਚੁਣ ਲਿਆ ਗਿਆ।ਅੱਠ ਸਾਲ ਦੀ ਟ੍ਰੇਨਿੰਗ ਮਗਰੋਂ **2006** ਵਿਚ ਉਸ ਨੂੰ ਡਿਸਕਵਰੀ ਪੁਲਾੜ-ਜਹਾਜ਼ ਵਿਚ ਪੁਲਾੜ ਯਾਤਰਾ ਦਾ ਮੌਕਾ ਮਿਲਿਆ।

ਪ੍ਰਸ਼ਨ-(ਕ) ਸੁਨੀਤਾ ਵਿਲੀਅਮਜ਼ ਨੇ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ਼ ਤੇ ਤਜ਼ਰਬਿਆਂ ਦੇ ਖੇਤਰ ਵਿਚ ਕੀ ਕੰਮ ਕੀਤਾ?

ਉੱਤਰ:-ਸੁਨੀਤਾ ਵਿਲੀਅਮ ਨੇ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ ਅਤੇ ਤਜ਼ਰਬਿਆਂ ਵਿਚ ਬਹੁਤ ਕੰਮ ਕੀਤਾ।ਉਸ ਨੇ **195** ਦਿਨ ਪੁਲਾੜ ਵਿਚ ਰਹਿ ਕੇ ਨਵਾਂ ਰਿਕਾਰਡ ਬਣਾ ਲਿਆ ਕਿਸੇ ਵੀ ਇਸਤਰੀ ਦੁਆਰਾ ਪੁਲਾੜ ਵਿਚ ਗੁਜ਼ਾਰਿਆ ਸਭ ਤੋਂ ਵੱਧ ਸਮਾਂ ਸੀ।ਉਸ ਨੂੰ ਚਾਰ ਵਾਰੀ ਪੁਲਾੜੀ-ਜਹਾਜ਼ ਤੋਂ ਬਾਹਰ ਨਿਕਲ ਕੇ 'ਸਪੇਸ ਵਾਕਿੰਗ' ਕੀਤੀ।ਉਸ ਨੇ **29** ਘੰਟੇ**17** ਮਿੰਟ,ਸਪੇਸ ਵਾਕਿੰਗ ਕਰ ਕੇ ਰਿਕਾਰਡ ਕਾਇਮ ਕੀਤਾ।ਉਸ ਨੇ ਪੁਲਾੜੀ ਜਹਾਜ਼ ਵਿਚ ਲੱਗੀ ਟ੍ਰੇਡ ਮਿੱਲ ਉੱਤੇ ਦੌੜ ਕੇ ਧਰਤੀ ਉੱਤੇ ਹੋ ਰਹੀ ਮੈਰਾਥਨ ਦੌੜ ਵਿਚ ਹਿੱਸਾ ਲੈ ਕੇ ਇਕ ਰਿਕਾਰਡ ਸਥਾਪਿਤ ਕੀਤਾ।

ਪ੍ਰਸ਼ਨ-(ਖ) ਸੁਨੀਤਾ ਵਿਲੀਅਮਜ਼ ਧਰਤੀ 'ਤੇ ਕਦੋਂ ਵਾਪਸ ਆਈ ਤੇ ਭਾਰਤ ਸਰਕਾਰ ਨੇ ਉਸ ਨੂੰ ਪੁਰਸਕਾਰ ਨਾਲ਼ ਸਨਮਾਨਿਤ ਕੀਤਾ?

ਉੱਤਰ:-ਸੁਨੀਤਾ ਵਿਲੀਅਮਜ਼ **22** ਜੂਨ,**2007** ਦੀ ਰਾਤ ਨੂੰ ਧਰਤੀ ਉੱਤੇ ਵਾਪਸ ਆਈ।ਭਾਰਤ ਸਰਕਾਰ ਨੇ ਉਸ ਨੂੰ ਸਰਵੋਤਮ ਸਿਵਲੀਅਨ ਪੁਰਸਕਾਰ ਪਦਮ ਭੂਸ਼ਨ ਨਾਲ਼ ਸਨਮਾਨਿਤ ਕੀਤਾ।

## 2. ਔਖੇ ਸ਼ਬਦਾਂ ਦੇ ਅਰਥ :

ਤਕਨੀਸ਼ਨ : ਕਲਾ-ਨਿਪੁੰਨ ਵਿਅਕਤੀ

ਸਦੀ : ਸੌ ਸਾਲ

ਅਥਲੈਟਿਕਸ : ਦੌੜਾਂ ਦੇ ਮੁਕਾਬਲੇ

ਮਾਹੌਲ : ਵਾਤਾਵਰਨ,ਆਲ਼ਾ-ਦੁਆਲ਼ਾ

ਟ੍ਰੇਨਿੰਗ : ਸਿਖਲਾਈ

ਪ੍ਰਕਿਰਤੀ : ਕੁਦਰਤ

ਮੈਰਾਥਨ ਤਰਾਕੀ: ਲੰਮੀ ਦੂਰੀ ਦਾ ਤਰਾਕੀ-ਮੁਕਾਬਲਾ

ਪ੍ਰਤਿਯੋਗਤਾ : ਮੁਕਾਬਲਾ

ਨੈਵਲ : ਜਲ-ਸੈਨਾ ਸੰਬੰਧੀ

ਸਪੇਸ-ਵਾਕਿੰਗ : ਪੁਲਾੜ ਵਿਚ ਤੁਰਨ ਦੀ ਕਿਰਿਆ

ਟ੍ਰੈੱਡ ਮਿੱਲ : ਉਹ ਮਸ਼ੀਨ ਜਿਸ ਦਾ ਪਟਾ ਘੰਮਦਾ ਹੋਵੇ ਤੇ ਉਸ ਉੱਤੇ ਤੁਰਿਆ ਜਾਂ ਦੌੜਿਆ ਜਾ ਸਕਦਾ ਹੋਵੇ।

ਵਿਲੱਖਣ : ਅਨੋਖਾ,ਅਜੀਬ

ਪੁਰਸਕਾਰ : ਇਨਾਮ

## 3.ਵਾਕਾਂ ਵਿਚ ਵਰਤੋ :

**1.**ਪਾਲਣ-ਪੋਸ਼ਣ-(ਪਾਲਣਾ):-ਸੁਨੀਤਾ ਦਾ ਪਾਲਣ -ਪੋਸ਼ਣ ਬੋਸਟਨ ਵਿਚ ਹੋਇਆ ਸੀ।

**2.**ਅੰਬਰਾਂ ਵਿਚ ਉਡਾਰੀਆਂ ਮਾਰਨੀਆਂ (ਪੁਲਾੜ ਵਿਚ ਉੱਡਣਾ):-ਸੁਨੀਤਾ ਵਿਲੀਅਮਜ਼ ਨੇ ਅੰਬਰਾਂ ਵਿਚ ਉਡਾਰੀਆਂ ਮਾਰ ਕੇ ਭਾਰਤ ਦਾ ਨਾਂ ਉੱਚਾ ਕੀਤਾ।

**3.**ਔਖ-ਸੌਖ ਝਾਗਣਾ-(ਮੁਸ਼ਕਲਾਂ ਦਾ ਮੁਕਾਬਲਾ ਕਰਨਾ):-ਖੇਡਾਂ ਵਿਚ ਭਾਗ ਲੈਣ ਨਾਲ ਇਨਸ਼ਾਨ ਨੂੰ ਜ਼ਿੰਦਗੀ ਵਿਚ ਔਖ-ਸੌਖ ਝਾਗਣ ਦੀ ਸਿਖਲਾਈ ਮਿਲਦੀ ਹੈ।

**4.** ਸਾਂਭ-ਸੰਭਾਲ਼-(ਸੰਭਾਲਣਾ):- ਸੁਨੀਤਾ ਵਿਲੀਅਮਜ਼ ਨੇ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ ਵਿਚ ਬਹੁਤ ਕੰਮ ਕੀਤਾ।

**5.**ਸਥਾਪਿਤ ਕਰਨਾ-(ਕਾਇਮ ਕਰਨਾ):-ਅਮਰੀਕਾ ਨੇ ਪੁਲਾੜ ਵਿਚ ਇਕ ਪੁਲਾੜੀ ਸਟੇਸ਼ਨ ਸਥਾਪਿਤ ਕੀਤਾ ਹੈ।

**6.**ਨਾਗਰਿਕਤਾ-(ਸ਼ਹਿਰੀਅਤ):-ਡਾ. ਦੀਪਕ ਪਾਂਡੇ ਨੇ ਕੁਝ ਸਮੇਂ ਪਿੱਛੋਂ ਅਮਰੀਕਾ ਦੀ ਨਾਗਰਿਕਤਾ ਲੈ ਲਈ।

ਤਿਆਰ ਕਰਤਾ- ਰਜਵੰਤ ਕੌਰ ਪੰਜਾਬੀ ਮਿਸਟ੍ਰੈਸ
ਸ.ਸ.ਸ.ਸ.ਮਾੜੀ ਬੁੱਚਿਆਂ ਗੁਰਦਾਸਪੁਰ